# Visit of Minister of State for External Affairs, Shri V. Muraleedharan to UAE (January 19-21, 2023)

January 18, 2023

................

## ਵਿਦੇਸ਼ ਰਾਜ ਮੰਤਰੀ ਸ਼੍ਰੀ ਵੀ. ਮੁਰਲੀਧਰਨ ਦਾ ਸੰਯੁਕਤ ਅਰਬ ਅਮੀਰਾਤ ਦਾ ਦੌਰਾ (19-21 ਜਨਵਰੀ, 2023)

## 18 ਜਨਵਰੀ, 2023

ਵਿਦੇਸ਼ ਅਤੇ ਸੰਸਦੀ ਮਾਮਲੇ ਰਾਜ ਮੰਤਰੀ ਸ਼੍ਰੀ ਵੀ. ਮੁਰਲੀਧਰਨ 19-21 ਜਨਵਰੀ, 2023 ਤੱਕ ਸੰਯੁਕਤ ਅਰਬ ਅਮੀਰਾਤ ਦਾ ਦੌਰਾ ਕਰਨਗੇ| ਇਸ ਦੌਰੇ ਦੌਰਾਨ ਰਾਜ ਮੰਤਰੀ ਆਬੂ ਧਾਬੀ, ਦੁਬਈ ਅਤੇ ਯੂਏਈ ਦੇ ਹੋਰ ਅਮੀਰਾਤ ਵਿੱਚ ਸੰਯੁਕਤ ਅਰਬ ਅਮੀਰਾਤ ਦੇ ਮੰਤਰੀਆਂ ਅਤੇ ਭਾਰਤੀ ਭਾਈਚਾਰੇ ਦੇ ਵਿਸ਼ਾਲ ਸਮੂਹ ਨਾਲ ਮੁਲਾਕਾਤ ਕਰਨਗੇ| ਇਸ ਵਿੱਚ ਭਾਰਤੀ ਕਾਰੋਬਾਰੀਆਂ, ਪੇਸ਼ੇਵਰਾਂ, ਅਧਿਆਪਕਾਂ ਅਤੇ ਵਿਦਿਆਰਥੀਆਂ ਨਾਲ ਮੁਲਾਕਾਤਾਂ ਸ਼ਾਮਲ ਹੋਣਗੀਆਂ| ਰਾਜ ਮੰਤਰੀ ਸੰਯੁਕਤ ਅਰਬ ਅਮੀਰਾਤ ਵਿੱਚ ਭਾਰਤੀ ਫੈਕਟਰੀ ਕਾਮਿਆਂ ਅਤੇ ਸਮਾਜ ਦੇ ਆਗੂਆਂ ਨਾਲ ਵੀ ਗੱਲਬਾਤ ਕਰਨਗੇ|

ਭਾਰਤ ਅਤੇ ਸੰਯੁਕਤ ਅਰਬ ਅਮੀਰਾਤ ਨੇ ਆਪਣੀ ਵਿਆਪਕ ਰਣਨੀਤਕ ਭਾਈਵਾਲੀ ਦੀ ਭਾਵਨਾ ਵਿੱਚ ਨੇੜਲਾ ਤਾਲਮੇਲ ਕਾਇਮ ਰੱਖਿਆ ਹੈ| ਇਹ ਸਾਲ ਭਾਰਤ ਅਤੇ ਸੰਯੁਕਤ ਅਰਬ ਅਮੀਰਾਤ, ਦੋਵਾਂ ਲਈ ਖਾਸ ਰਹੇਗਾ ਕਿਉਂਕਿ ਦੋਨਾਂ ਨੇ G-20 ਅਤੇ COP 28 ਦੀਆਂ ਆਪਣੀਆਂ-ਆਪਣੀਆਂ ਪ੍ਰਧਾਨਗੀਆਂ ਸੰਭਾਲ ਲਈਆਂ ਹਨ| ਵਿਦੇਸ਼ ਮੰਤਰੀ ਡਾ: ਐੱਸ. ਜੈਸ਼ੰਕਰ ਨੇ ਦਸੰਬਰ, 2022 ਵਿੱਚ ਸੰਯੁਕਤ ਅਰਬ ਅਮੀਰਾਤ ਦਾ ਦੌਰਾ ਸੀ ਜਦੋਂ ਕਿ ਸੰਯੁਕਤ ਅਰਬ ਅਮੀਰਾਤ ਦੇ ਵਿਦੇਸ਼ ਮੰਤਰੀ ਮਹਾਮਹਿਮ ਸ਼ੇਖ ਅਬਦੁੱਲਾ ਬਿਨ ਜਾਏਦ ਅਲ ਨਾਹਯਾਨ ਨੇ ਨਵੰਬਰ, 2022 ਵਿੱਚ ਭਾਰਤ ਦਾ ਦੌਰਾ ਕੀਤਾ ਸੀ| ਸੰਯੁਕਤ ਅਰਬ ਅਮੀਰਾਤ ਦੇ ਵਿਦੇਸ਼ ਮੰਤਰੀ ਨੇ ਭਾਰਤ ਦੁਆਰਾ 13 ਜਨਵਰੀ, 2023 ਨੂੰ.ਕਰਾਏ ਗਏ ਵੌਇਸ ਆਫ਼ ਗਲੋਬਲ ਸਾਊਥ ਸਮਿਟ ਦੇ G20 ਨਾਲ ਸਬੰਧਿਤ ਸੈਸ਼ਨ ਵਿੱਚ ਵੀ ਹਿੱਸਾ ਲਿਆ|

ਨਵੀਂ ਦਿੱਲੀ

18 ਜਨਵਰੀ, 2023

DISCLAIMER: This is an approximate translation. The original is available in English on MEA's website and may be referred to as the official press release.